05_Preface

# ਭੂਮਿਕਾ

ਮਾਨਵੀ ਚੇਤਨਾ ਦੇ ਮੁੱਢਲੇ ਸਮੇਂ ਤੋਂ ਹੀ ਕਲਾ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਬਣੀ ਜਿਸਨੇ ਵਿਭਿੰਨ ਤਜ਼ਰਬਿਆਂ ਵਿਚੋਂ ਲੰਘ ਕੇ ਬਿਹਤਰ ਹੋਂਦ ਗ੍ਰਹਿਣ ਕੀਤੀ। ਮੁੱਢਲੀ ਸਥਿਤੀ ਵਿਚ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਕੁਦਰਤ ’ਤੇ ਨਿਰਭਰ ਸੀ। ਸਮੇਂ ਨਾਲ ਮਾਨਵੀ ਬੁੱਧੀ ਵਿਕਸਿਤ ਹੋਈ, ਮਨੁੱਖ ਕੁਦਰਤ ’ਤੇ ਨਿਰਭਰ ਰਹਿਣ ਦੀ ਥਾਂ ਖ਼ੁਦ ਸਿਰਜਨਾਤਮਕ ਕਾਰਜਾਂ ਵੱਲ ਰੁਚਿਤ ਹੋਇਆ। ਉਸਨੇ ਲੋੜਾਂ ਦੀ ਪੂਰਤੀ ਲਈ ਵਿਭਿੰਨ ਵਸਤਾਂ ਦੀ ਸਿਰਜਣਾ ਕੀਤੀ। ਬੇਸ਼ੱਕ ਵਸਤ ਦੀ ਸਿਰਜਣਾ ਦਾ ਮੁੱਢਲਾ ਸੰਬੰਧ ਉਸ ਦੀਆਂ ਸਰੀਰਕ ਲੋੜਾਂ ਦੀ ਪੂਰਤੀ ਨਾਲ ਸੀ ਪਰ ਹੌਲੀ-ਹੌਲੀ ਵਸਤ ਦੀ ਸਿਰਜਣਾ ਸਮੇਂ ਮਨੁੱਖ ਦੀਆਂ ਸੁਹਜਾਤਮਕ ਭਾਵਨਾਵਾਂ ਵੀ ਕਾਰਜਸ਼ੀਲ ਹੋਣ ਲੱਗੀਆਂ। ਅਜਿਹੀਆਂ ਕਲਾ ਵਸਤਾਂ ਮਨੁੱਖੀ ਜੀਵਨ ਦਾ ਸੁਹਜਮਈ ਅੰਗ ਹੋਣ ਦੇ ਨਾਲ-ਨਾਲ ਮਨੁੱਖੀ ਸੋਚ, ਗਿਆਨ, ਕਲਪਨਾ ਆਦਿ ਨੂੰ ਰੂਪਮਾਨ ਕਰਨ ਦਾ ਸਾਧਨ ਵੀ ਬਣਦੀਆਂ ਹਨ। ਸਮੇਂ ਨਾਲ ਇਹਨਾਂ ਕਲਾ ਵਸਤਾਂ ਨਾਲ ਸਭਿਆਚਾਰਕ ਮੁੱਲ ਵੀ ਜੁੜਦੇ ਗਏ ਜੋ ਇਹਨਾਂ ਨੂੰ ਸਦੀਵੀ ਕਲਾ ਕਿਰਤਾਂ ਬਣਾਉਂਦੇ ਹਨ।

ਇਹਨਾਂ ਕਲਾ ਵੰਨਗੀਆਂ ਵਿਚੋਂ ਸੰਦੂਕ ਇਕ ਪ੍ਰਮੁੱਖ ਕਲਾਤਮਕ ਵਸਤ ਹੈ। ਸੰਦੂਕ ਲੱਕੜ ਜਾਂ ਲੋਹੇ ਤੋਂ ਬਣੀ ਅਜਿਹੀ ਵਸਤ ਹੈ ਜੋ ਵਿਭਿੰਨ ਪ੍ਰਕਾਰ ਦੀਆਂ ਵਸਤਾਂ ਨੂੰ ਸੰਭਾਲਣ ਦਾ ਕਾਰਜ ਕਰਦਾ ਹੈ। ਕਾਰੀਗਰ ਦੁਆਰਾ ਸੰਦੂਕ ਦੀ ਸਜਾਵਟ ਲਈ ਵਰਤੀ ਜਾਂਦੀ ਸਮੱਗਰੀ ਅਤੇ ਜੁਗਤਾਂ ਇਸਨੂੰ ਕਲਾਤਮਕ ਦਿੱਖ ਪ੍ਰਦਾਨ ਕਰਦੀਆਂ ਹਨ ਜਿਸ ਕਾਰਨ ਸੰਦੂਕ ਉੱਤਮ ਕਲਾਤਮਕ ਵਸਤ ਵਜੋਂ ਵਿਸ਼ੇਸ਼ ਪਛਾਣ ਰੱਖਦਾ ਹੈ। ਪੰਜਾਬੀ ਸੰਦੂਕ ਦੀ ਅਹਿਮੀਅਤ ਇਸ ਪੱਖੋਂ ਵੀ ਹੈ ਕਿ ਉਪਯੋਗਤਾ ਦੇ ਨਾਲ-ਨਾਲ ਸਮਾਜਿਕ, ਆਰਥਿਕ, ਕਲਾਤਮਕ ਤੇ ਸਭਿਆਚਾਰਕ ਆਦਿ ਪਹਿਲੂਆਂ ਨਾਲ ਵੀ ਸੰਬੰਧ ਰੱਖਦਾ

ਹੈ। ਪੰਜਾਬੀ ਸਮਾਜ ਵਿਚ ਬਣਤਰ, ਸਮੱਗਰੀ, ਵਰਤੋਂ ਆਦਿ ਦੇ ਆਧਾਰ 'ਤੇ ਸੰਦੂਕ ਦੀਆਂ ਅਨੇਕ ਵੰਨਗੀਆਂ ਮਿਲਦੀਆਂ ਹਨ ਜੋ ਮਨੁੱਖੀ ਜੀਵਨ ਵਿਚ ਸੰਦੂਕ ਦੇ ਮਹੱਤਵ ਦੀ ਗਵਾਹੀ ਭਰਦੀਆਂ ਹਨ। ਲੋਕਧਾਰਾ ਤੇ ਪੰਜਾਬੀ ਸਮਾਜ-ਸਭਿਆਚਾਰ ਦੇ ਵਿਭਿੰਨ ਵਰਤਾਰਿਆਂ ਦਾ ਅਹਿਮ ਹਿੱਸਾ ਹੋਣ ਦੇ ਬਾਵਜੂਦ ਵੀ ਸੰਦੂਕ ਗੰਭੀਰ ਕਿਸਮ ਦੇ ਅਧਿਐਨ ਪੱਖੋਂ ਅਣਗੌਲਿਆ ਵਿਸ਼ਾ ਰਿਹਾ ਹੈ। ਲੱਕੜ ਕਲਾ ਦੀਆਂ ਕੁਝ ਵੰਨਗੀਆਂ ਜਿਵੇਂ ਦਰਵਾਜ਼ਾ, ਡੋਲੀ ਆਦਿ ਨੂੰ ਆਧਾਰ ਬਣਾ ਕੇ ਅਕਾਦਮਿਕ ਪੱਧਰ 'ਤੇ ਕੀਤਾ ਗਿਆ ਖੋਜ ਕਾਰਜ ਮਿਲਦਾ ਹੈ ਪਰ ਸੰਦੂਕ ਸੰਬੰਧੀ ਅਜਿਹਾ ਖੋਜ ਕਾਰਜ ਨਾ-ਮਾਤਰ ਹੀ ਹੈ। ਸੰਦੂਕ ਬਾਰੇ ਖੋਜ ਦੀ ਸੰਭਾਵਨਾ ਨੂੰ ਸਨਮੁੱਖ ਰੱਖਦਿਆਂ ਇਸਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

ਸੰਦੂਕ ਸੰਸਾਰ ਪੱਧਰ 'ਤੇ ਵਿਭਿੰਨ ਦੇਸ਼ਾਂ ਵਿਚ ਵਰਤੀ ਜਾਂਦੀ ਅਹਿਮ ਵਸਤ ਹੈ ਅਤੇ ਜੇਕਰ ਪੰਜਾਬੀ ਸੰਦਰਭ ਵਿਚ ਵੇਖਿਆ ਜਾਵੇ ਤਾਂ ਵਿਭਿੰਨ ਇਲਾਕਿਆਂ ਵਿਚ ਵੱਖ-ਵੱਖ ਕਿਸਮਾਂ ਦੇ ਸੰਦੂਕ ਵਰਤੇ ਜਾਂਦੇ ਹਨ। ਇਸ ਖੋਜ ਕਾਰਜ ਦਾ ਖੇਤਰ ਅਜੋਕਾ ਪੰਜਾਬ ਹੈ। ਸੰਦੂਕ ਸੰਬੰਧੀ ਵਿਭਿੰਨ ਕਿਸਮ ਦੀ ਸਮੱਗਰੀ ਖੇਤਰੀ ਕਾਰਜ ਰਾਹੀਂ ਪੰਜਾਬ ਦੇ ਵਿਭਿੰਨ ਇਲਾਕਿਆਂ ਵਿਚੋਂ ਇਕੱਤਰ ਕੀਤੀ ਗਈ ਹੈ। ਲੱਕੜ ਨੂੰ ਪਕਾਉਣ ਤੋਂ ਲੈ ਕੇ ਸੰਦੂਕ ਨਿਰਮਾਣ ਤੱਕ ਅਨੇਕ ਪੜਾਅ ਹਨ। ਇਸ ਤਰ੍ਹਾਂ ਸੰਦੂਕ ਸੰਬੰਧੀ ਸਮੁੱਚੀ ਜਾਣਕਾਰੀ ਵੱਖ-ਵੱਖ ਕਾਰੀਗਰਾਂ ਨਾਲ ਮੁਲਾਕਾਤਾਂ ਕਰਕੇ ਪ੍ਰਾਪਤ ਕੀਤੀ ਗਈ ਹੈ। ਸੰਦੂਕ ਦੀਆਂ ਵਿਭਿੰਨ ਵੰਨਗੀਆਂ ਦੀ ਸਪੱਸ਼ਟਤਾ ਲਈ ਫ਼ੋਟੋਗ੍ਰਾਫ਼ੀ ਵੀ ਕੀਤੀ ਗਈ ਹੈ।

ਇਸ ਖੋਜ ਕਾਰਜ ਨੂੰ ਮੁੱਖ ਰੂਪ ਵਿਚ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ''ਪ੍ਰਾਪਤ ਸਮੱਗਰੀ ਦਾ ਮੁਲਾਂਕਣ'' ਨਾਮਕ ਪਹਿਲੇ ਅਧਿਆਇ ਵਿਚ ਲੱਕੜ ਕਲਾ ਦੀਆਂ ਵਿਭਿੰਨ ਵੰਨਗੀਆਂ ਸੰਬੰਧੀ ਹੁਣ ਤੱਕ ਦੀ ਅਕਾਦਮਿਕ ਤੇ ਗੈਰ-ਅਕਾਦਮਿਕ ਖੋਜ ਨੂੰ ਆਧਾਰ ਬਣਾਇਆ ਗਿਆ ਹੈ।

''ਪੰਜਾਬੀ ਲੋਕ ਕਲਾ ਸੰਦੂਕ : ਸਿਧਾਂਤਕ ਪਰਿਪੇਖ'' ਨਾਮਕ ਦੂਸਰੇ ਅਧਿਆਇ ਦੇ ਚਾਰ ਉਪ-ਭਾਗ ਹਨ - (ੳ) ਇਤਿਹਾਸ (ਅ) ਪਰਿਭਾਸ਼ਾ (ੲ) ਤਰਖਾਣ ਦੇ ਕਿੱਤੇ ਨਾਲ ਸੰਬੰਧਿਤ ਸੰਦ (ਸ) ਸੰਦੂਕ ਦੀ ਬਣਨ ਪ੍ਰਕਿਰਿਆ। ਇਸ ਅਧਿਆਇ ਦੇ ਇਤਿਹਾਸ ਵਾਲੇ ਭਾਗ ਵਿਚ ਸੰਦੂਕ ਨੂੰ ਵਿਭਿੰਨ ਕਾਲਾਂ ਦੇ ਸੰਦਰਭ ਵਿਚ ਵਿਚਾਰਿਆ ਗਿਆ ਹੈ। ਸੰਦੂਕ ਇਤਿਹਾਸਕ ਵਿਕਾਸ-ਕ੍ਰਮ ਦੇ ਵਿਭਿੰਨ ਪੜਾਵਾਂ ਉਪਰ ਵਿਭਿੰਨ ਰੂਪਾਂ ਵਿਚ ਵਿਕਸਿਤ ਹੁੰਦਾ ਰਿਹਾ ਹੈ। ਦੂਜੇ ਅਧਿਆਇ ਦਾ ਦੂਜਾ ਭਾਗ ਸੰਦੂਕ ਦੀ ਪਰਿਭਾਸ਼ਾ ਨਾਲ ਸੰਬੰਧਿਤ ਹੈ। ਸੰਦੂਕ ਦਾ ਮਹੱਤਵ ਕੇਵਲ ਪੰਜਾਬੀ ਸਭਿਆਚਾਰ ਵਿਚ ਹੀ ਨਹੀਂ ਬਲਕਿ ਵਿਭਿੰਨ ਦੇਸ਼ਾਂ ਦੇ ਸਭਿਆਚਾਰ ਵਿਚ ਵੀ ਹੈ ਜਿਸ ਕਾਰਨ ਇਸਦਾ ਘੇਰਾ ਇਕ ਦੇਸ਼ ਦੇ ਸਭਿਆਚਾਰ ਤੱਕ ਸੀਮਿਤ ਨਾ ਰਹਿ ਕੇ ਵਿਭਿੰਨ ਦੇਸ਼ਾਂ ਦੇ ਸਭਿਆਚਾਰ ਤੱਕ ਫੈਲਿਆ ਹੋਇਆ ਹੈ। ਸੰਦੂਕ ਦੇ ਵਿਭਿੰਨ ਪਾਸਾਰਾਂ ਕਾਰਨ ਸ਼ਬਦ, ਅਰਥ, ਬਣਤਰ ਤੇ ਵਰਤੋਂ ਦੇ ਪੱਧਰ 'ਤੇ ਇਸਦੇ ਇਕ ਤੋਂ ਵਧੇਰੇ ਪਹਿਲੂ ਦ੍ਰਿਸ਼ਟੀਗੋਚਰ ਹੁੰਦੇ ਹਨ। ਖੋਜ ਕਾਰਜ ਨਾਲ ਸੰਬੰਧਿਤ ਇਸ ਭਾਗ ਵਿਚ ਵਿਭਿੰਨ ਕੋਸ਼ਾਂ ਦਾ ਜ਼ਿਕਰ ਕੀਤਾ ਗਿਆ ਹੈ ਜਿੰਨ੍ਹਾਂ ਵਿਚ ਸੰਦੂਕ ਨੂੰ ਵਿਭਿੰਨ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਦੂਜੇ ਅਧਿਆਇ ਦੇ ਤੀਜੇ ਭਾਗ ਵਿਚ ਸੰਦੂਕ ਬਣਾਉਣ ਲਈ ਵਰਤੇ ਜਾਂਦੇ ਸੰਦਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਸ ਵਿਚ ਆਰਾ, ਆਰੀ, ਝਰੀ ਰੰਦਾ, ਸਧਾਰਨ ਰੰਦਾ, ਨੋਕੀ ਰੰਦਾ, ਤੇਸਾ, ਗੁਣੀਆਂ ਆਦਿ ਆਉਂਦੇ ਹਨ। ਆਧੁਨਿਕ ਸਮੇਂ ਵਿਚ ਤਰਖਾਣਾਂ ਦੁਆਰਾ ਬਿਜਲਈ ਸੰਦਾਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ ਜਿਵੇਂ ਰੰਦਾ ਮਸ਼ੀਨ, ਹੈਂਡ ਕਟਰ, ਰੂਟਰ, ਜਿਗਸਾ ਆਦਿ। ਇਸ ਅਧਿਆਇ ਦੇ ਚੌਥੇ ਭਾਗ ਵਿਚ ਸੰਦੂਕ ਦੀ ਬਣਨ ਪ੍ਰਕਿਰਿਆ ਬਾਰੇ ਦੱਸਿਆ ਗਿਆ ਹੈ। ਸਭ ਤੋਂ ਪਹਿਲਾਂ ਲੱਕੜ ਦੀ ਚੋਣ ਕੀਤੀ ਜਾਂਦੀ ਹੈ। ਸੰਦੂਕ ਬਣਾਉਣ ਲਈ ਨਿੰਮ, ਟਾਹਲੀ, ਕਿੱਕਰ ਆਦਿ ਰੁੱਖਾਂ ਦੀ ਲੱਕੜ ਨੂੰ ਵਰਤਿਆ ਜਾਂਦਾ ਹੈ। ਲੱਕੜ ਦੀ ਚੋਣ ਤੋਂ ਬਾਅਦ ਲੱਕੜ ਨੂੰ ਕਮਾਇਆ ਜਾਂਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ 'Seasoning' ਕਿਹਾ ਜਾਂਦਾ ਹੈ। ਲੱਕੜ ਨੂੰ ਖ਼ਾਸ ਵਿਧੀਆਂ ਜਾਂ ਤਰੀਕਿਆਂ ਨਾਲ ਪਕਾਇਆ ਜਾਂਦਾ ਹੈ ਜਿਸਨੂੰ 'ਲੱਕੜ

ਕਮਾਉਣਾ' ਕਿਹਾ ਜਾਂਦਾ ਹੈ। ਲੱਕੜ ਕਮਾਉਣ ਦਾ ਮੂਲ ਮਨੋਰਥ ਲੱਕੜ ਨੂੰ ਵਧੇਰੇ ਹੰਢਣਸਾਰ ਬਣਾਉਣਾ ਹੈ। ਇਸ ਲਈ ਦੋ ਵਿਧੀਆਂ ਪ੍ਰਚਲਿਤ ਹਨ - ਪਰੰਪਰਾਗਤ ਵਿਧੀ ਅਤੇ ਆਧੁਨਿਕ ਵਿਧੀ। ਲੱਕੜ ਨੂੰ ਕਮਾਉਣ ਤੋਂ ਅਗਲਾ ਪੜਾਅ ਲੱਕੜ ਦੀ ਕਟਾਈ ਅਤੇ ਰੰਦਾਈ ਨਾਲ ਸੰਬੰਧਿਤ ਹੈ। ਕਾਰੀਗਰ ਦੁਆਰਾ ਸੰਦੂਕ ਦੇ ਵਿਭਿੰਨ ਭਾਗਾਂ ਨੂੰ ਕੱਟ ਕੇ ਰੰਦਿਆ ਜਾਂਦਾ ਹੈ। ਬਾਅਦ ਵਿਚ ਸੰਦੂਕ ਦੇ ਵਿਭਿੰਨ ਭਾਗਾਂ ਨੂੰ ਜੋੜ ਕੇ ਸੰਦੂਕ ਦਾ ਢਾਂਚਾ ਤਿਆਰ ਕੀਤਾ ਜਾਂਦਾ ਹੈ। ਕਾਰੀਗਰ ਆਪਣੀ ਤੀਖਣ ਬੁੱਧੀ ਅਤੇ ਪੀੜ੍ਹੀਆਂ ਦੇ ਅਨੁਭਵ ਦਾ ਪ੍ਰਯੋਗ ਕਰ ਵਿਭਿੰਨ ਸਜਾਵਟੀ ਜੁਗਤਾਂ ਨੂੰ ਸੰਦੂਕ ਉਪਰ ਵਰਤਦਾ ਹੈ। ਸਜਾਵਟੀ ਸਮੱਗਰੀ ਵਿਚ ਕੋਕਿਆਂ, ਸ਼ੀਸ਼ਿਆਂ, ਪਿੱਤਲ ਦੀਆਂ ਪੱਤਰੀਆਂ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਹਨਾਂ ਦੀ ਵਰਤੋਂ ਨਾਲ ਸੰਦੂਕ ਸੁਹਜ ਕਲਾ ਦਾ ਉੱਤਮ ਨਮੂਨਾ ਬਣਦਾ ਹੈ। ਇਸ ਪ੍ਰਕਾਰ ਤਰਖਾਣ ਵਿਭਿੰਨ ਪੜਾਵਾਂ ਵਿਚੋਂ ਲੰਘ ਕੇ ਲੱਕੜ ਤੋਂ ਸੰਦੂਕ ਦਾ ਨਿਰਮਾਣ ਕਰਦਾ ਹੈ।

ਖੋਜ ਕਾਰਜ ਦਾ ਤੀਜਾ ਅਧਿਆਇ ''ਸਮਾਜ-ਸਭਿਆਚਾਰਕ ਅਧਿਐਨ ਵਿਧੀ : ਸਿਧਾਂਤਕ ਪਰਿਪੇਖ'' ਹੈ। ਇਹ ਵਿਧੀ ਰੂਸੀ ਮਨੋਵਿਗਿਆਨੀ ਐੱਲ.ਐੱਸ.ਵਿਗੋਤਸਕੀ ਦੀ ਦੇਣ ਹੈ। ਵਿਗੋਤਸਕੀ ਦੀ ਇਹ ਵਿਧੀ ਬੱਚੇ ਦੇ ਬੌਧਿਕ ਵਿਕਾਸ ਅਤੇ ਭਾਸ਼ਾ ਸਿੱਖਣ ਨਾਲ ਸੰਬੰਧਿਤ ਸੀ ਜਿਸ ਵਿਚ ਮਨੁੱਖੀ ਮਨ ਨੂੰ ਕੇਂਦਰ ਵਿਚ ਰੱਖਿਆ ਜਾਂਦਾ ਸੀ ਪਰ ਹੌਲੀ-ਹੌਲੀ ਇਸ ਵਿਚ ਸਮਾਜਿਕ ਅਤੇ ਸਭਿਆਚਾਰਕ ਵਰਤਾਰੇ ਵੀ ਸ਼ਾਮਿਲ ਹੋ ਗਏ। ਇਹ ਵਿਧੀ ਖੇਤਰੀ ਖੋਜ 'ਤੇ ਆਧਾਰਿਤ ਹੈ। ਖੇਤਰੀ ਕਾਰਜ ਰਾਹੀਂ ਇਕੱਤਰ ਕੀਤੀ ਸਮੱਗਰੀ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨ ਲਈ ਸਮਾਜ-ਸਭਿਆਚਾਰਕ ਵਿਧੀ ਵਧੇਰੇ ਢੁੱਕਵੀਂ ਹੈ। ਇਸ ਅਧਿਆਇ ਵਿਚ ਇਸ ਵਿਧੀ ਦੀ ਸੰਦੂਕ ਸੰਬੰਧੀ ਅਧਿਐਨ ਦੀ ਸਾਰਥਿਕਤਾ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ।

''ਸੰਦੂਕ : ਸਮੱਗਰੀ ਦਾ ਵਰਗੀਕਰਨ ਤੇ ਵਿਸ਼ਲੇਸ਼ਣ'' ਇਸ ਖੋਜ ਕਾਰਜ ਦਾ ਚੌਥਾ ਅਧਿਆਇ ਹੈ। ਸੰਦੂਕ ਬਣਾਉਣ ਲਈ ਵਰਤੀ ਜਾਂਦੀ ਸਮੱਗਰੀ, ਸੰਦੂਕ ਦੀ ਬਣਤਰ, ਸਜਾਵਟੀ ਜੁਗਤਾਂ ਅਤੇ ਵਰਤੋਂ ਅਜਿਹੇ ਪੱਖ ਹਨ ਜਿਸ ਨਾਲ ਸੰਦੂਕ ਦੀਆਂ

ਅੱਗੋਂ ਕਈ ਵੰਨਗੀਆਂ ਬਣਦੀਆਂ ਹਨ। ਇਸ ਅਧਿਆਇ ਵਿਚ ਸੰਦੂਕ ਦਾ ਵਰਗੀਕਰਨ ਖੇਤਰੀ ਕਾਰਜ ਰਾਹੀਂ ਇਕੱਤਰ ਕੀਤੀ ਸਮੱਗਰੀ ਦੇ ਆਧਾਰ 'ਤੇ ਕੀਤਾ ਗਿਆ ਹੈ। ਇਸ ਵਰਗੀਕਰਨ ਨੂੰ ਸਾਰਨੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

''ਸੰਦੂਕ : ਸਮਾਜ-ਸਭਿਆਚਾਰਕ ਅਧਿਐਨ'' ਪੰਜਵਾਂ ਅਧਿਆਇ ਹੈ। ਸੰਦੂਕ ਨਿਰਮਾਣ ਦਾ ਮੂਲ ਮਨੋਰਥ ਮਨੁੱਖ ਦੀ ਵਸਤਾਂ ਸੰਭਾਲਣ ਸੰਬੰਧੀ ਲੋੜ ਦੀ ਪੂਰਤੀ ਕਰਨਾ ਸੀ, ਪਰ ਸਮੇਂ ਨਾਲ ਮਨੁੱਖ ਨੇ ਸੁਹਜਾਤਮਕ ਰੁਚੀ ਅਧੀਨ ਇਸਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ। ਸੰਦੂਕ ਨਾਲ ਕਈ ਸਭਿਆਚਾਰਕ ਮੁੱਲ ਜੁੜਦੇ ਗਏ। ਸੰਦੂਕ ਨੂੰ ਪੰਜਾਬੀ ਸਮਾਜ ਤੇ ਸਭਿਆਚਾਰ ਦੇ ਸੰਦਰਭ ਵਿਚ ਵਿਚਾਰਦੇ ਹੋਏ ਇਸਦੇ ਭੂਗੋਲਿਕ, ਆਰਥਿਕ, ਕਲਾਤਮਕ, ਮਾਨਸਿਕ ਆਦਿ ਪੱਖਾਂ ਦਾ ਅਧਿਐਨ ਕੀਤਾ ਗਿਆ ਹੈ। ਪੰਜਾਬੀ ਸਮਾਜ ਵਿਚ ਸੰਦੂਕ ਨਾਲ ਸੰਬੰਧਿਤ ਵਿਭਿੰਨ ਰਸਮਾਂ ਮਿਲਦੀਆਂ ਹਨ ਜਿਵੇਂ ਸੰਦੂਕ ਜਾਂ ਪੇਟੀ ਖੋਲ੍ਹਣ ਦੀ ਰਸਮ, ਸੰਧਾਰਾ ਭੇਜਣ ਦੀ ਰਸਮ ਆਦਿ। ਸੰਦੂਕ ਦੀਆਂ ਵਿਭਿੰਨ ਵੰਨਗੀਆਂ ਸੰਬੰਧੀ ਕਈ ਲੋਕ ਵਿਸ਼ਵਾਸ਼ ਮਨੁੱਖੀ ਮਾਨਸਿਕਤਾ ਵਿਚ ਮੌਜੂਦ ਹਨ ਜਿਸ ਵਿਚ ਸੰਦੂਕ ਦੇ ਤਿੰਨ ਦਰਵਾਜ਼ਿਆਂ ਸੰਬੰਧੀ ਵਿਸ਼ਵਾਸ, ਪੇਟੀ ਨੂੰ ਲੱਗੇ ਕੁੰਡਿਆਂ ਸੰਬੰਧੀ ਵਿਸ਼ਵਾਸ਼ ਆਦਿ ਆਉਂਦੇ ਹਨ। ਸੰਦੂਕ ਪ੍ਰਤੀਕਾਤਮਿਕ ਪੱਧਰ 'ਤੇ ਮਨੁੱਖੀ ਮਾਨਸਿਕਤਾ ਦੀਆਂ ਅੰਤ੍ਰੀਵ ਪਰਤਾਂ ਹੇਠ ਦੱਬੀਆਂ ਵਿਭਿੰਨ ਭਾਵਨਾਵਾਂ ਦਾ ਸੰਚਾਰ ਮਾਧਿਅਮ ਬਣਦਾ ਹੈ ਅਤੇ ਇਹਨਾਂ ਭਾਵਨਾਵਾਂ ਦੀ ਪੇਸ਼ਕਾਰੀ ਵਿਸ਼ਿਸ਼ਟ ਸਾਹਿਤ ਤੇ ਲੋਕ ਸਾਹਿਤ ਵਿਚੋਂ ਹੋਈ ਮਿਲਦੀ ਹੈ। ਵਿਸ਼ਿਸ਼ਟ ਸਾਹਿਤ ਵਿਚ ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਮੱਧਕਾਲੀਨ ਕਵਿਤਾ ਨੂੰ ਲਿਆ ਗਿਆ ਹੈ ਜਦ ਕਿ ਲੋਕ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਜਿਵੇਂ ਸੁਹਾਗ, ਸਿੱਠਣੀਆਂ, ਲੋਕ ਗੀਤਾਂ, ਬੋਲੀਆਂ, ਲੋਕ ਕਹਾਣੀਆਂ ਆਦਿ ਵਿਚ ਸੰਦੂਕ ਨਾਲ ਸੰਬੰਧਿਤ ਵਿਭਿੰਨ ਪੱਖਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਸੰਦੂਕ ਨਾਲ ਸੰਬੰਧਿਤ ਵਿਭਿੰਨ ਪੱਖ-ਪਾਸਾਰ ਇਸਦੇ ਪੰਜਾਬੀ ਸਭਿਆਚਾਰ ਵਿਚ ਵਿਸ਼ਾਲ ਪੱਧਰ 'ਤੇ ਪਸਰੇ ਹੋਣ ਦੀ ਗਵਾਹੀ ਭਰਦੇ ਹਨ। ਇਸ ਤਰ੍ਹਾਂ ਇਸ ਖੋਜ ਕਾਰਜ ਵਿਚ ਸੰਦੂਕ

ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਅਧਿਐਨ ਦਾ ਆਧਾਰ ਬਣਾ ਕੇ ਇਸਦੇ ਸਭਿਆਚਾਰਕ ਮਹੱਤਵ ਨੂੰ ਪੇਸ਼ ਕੀਤਾ ਗਿਆ ਹੈ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਆਪਣੇ ਨਿਗਰਾਨ ਪ੍ਰੋਫ਼ੈਸਰ ਡਾ. ਹਰਜੀਤ ਕੌਰ ਜੀ ਦੀ ਜਿਹਨਾਂ ਦੀ ਸੁਯੋਗ ਅਗਵਾਈ ਤੇ ਪ੍ਰੇਰਨਾ ਸਦਕਾ ਇਹ ਖੋਜ ਕਾਰਜ ਮੁਕੰਮਲ ਹੋ ਸਕਿਆ। ਆਪਣੇ ਪਰਿਵਾਰ ਦੇ ਮੈਂਬਰਾਂ ਦੀ ਵੀ ਧੰਨਵਾਦੀ ਹਾਂ ਜਿੰਨ੍ਹਾਂ ਨੇ ਇਸ ਖੋਜ ਕਾਰਜ ਲਈ ਮੈਨੂੰ ਵਿਹਲ ਮੁਹੱਈਆ ਕਰਵਾਈ।

**ਮਨਦੀਪ ਕੌਰ**